ਸਾਰਿਆਂ ਨੂੰ ਹੈਲੋ,

ਹੁਣ ਅਸੀਂ ਕਲਾਸਾ ਵਿੱਚ ਪੜ੍ਹਾਈ ਮੁਲਤਵੀ ਕੀਤੇ ਜਾਣ ਦੇ ਚੌਥੇ ਹਫਤੇ ਵਿੱਚ ਜਾ ਰਹੇ ਹਾਂ ਅਤੇ ਇਸ ਹਫਤੇ ਦਾ ਸੁਨੇਹਾ ਮੈਂ ਮਾਪਿਆਂ ਅਤੇ ਵਿਦਿਆਰਥੀਆਂ, ਖਾਸ ਕਰਕੇ ਸਾਡੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ, ਨੂੰ ਦੇਣਾ ਚਾਹੁੰਦਾ ਹਾਂ। ਸੈਕੰਡਰੀ ਅਤੇ ਗਰੇਡ 12 ਬਾਰੇ ਮੇਰੇ ਕੋਲ ਬਹੁਤ ਸਾਰੀਆਂ ਈਮੇਲਾਂ ਅਤੇ ਸਵਾਲ ਆਏ ਹਨ, ਅਤੇ ਮੈਂ ਸਾਡੀ 2020 ਵਿੱਚ ਗ੍ਰੈਜੂਏਟ ਹੋਣ ਵਾਲੀ ਕਲਾਸ ਲਈ ਪਿਛਲੀ ਵਾਰੀ ਸਪਰਿੰਗ ਬ੍ਰੇਕ ਦੇ ਸਮੇਂ ਸੁਨੇਹਾ ਭੇਜਿਆ ਸੀ। ਉਸ ਸਮੇਂ ਮੈਂ ਤੁਹਾਨੂੰ ਦੱਸਿਆ ਸੀ ਕਿ ਅਸੀਂ ਤੁਹਾਡੇ ਬਾਰੇ ਸੋਚ ਰਹੇ ਹਾਂ ਅਤੇ ਅਸੀਂ ਜਾਣਦੇ ਹਾਂ ਕਿ ਇਹ ਤੁਹਾਡੇ ਲਈ ਬਹੁਤ ਹੀ ਖਾਸ ਸਾਲ ਹੈ। ਜਦੋਂ ਅਸੀਂ ਸਮਾਜਕ ਦੂਰੀ (ਸੋਸ਼ਲ ਡਿਸਟੈਂਸਿੰਗ) ਦੇ ਸਮੇਂ ਵਿੱਚ ਲੰਘ ਰਹੇ ਹਾਂ ਅਤੇ "ਰੈਗੂਲਰ" ਸਕੂਲ ਦੀ ਗੱਲ ਬਹੁਤ ਦੂਰ ਦੀ ਲੱਗਦੀ ਹੈ, ਤੁਹਾਡੇ ਲਈ ਕੁੱਝ ਗੱਲਾਂ ਨੂੰ ਜਾਣਨਾ ਮਹੱਤਵਪੂਰਨ ਹੈ।

ਸਭ ਤੋਂ ਪਹਿਲਾਂ 2020 ਵਿੱਚ ਗ੍ਰੈਜੂਏਟ ਹੋਣ ਵਾਲਿਆਂ ਅਤੇ ਪੜ੍ਹਾਈ ਮੁਕੰਮਲ ਹੋਣ ਅਤੇ ਗ੍ਰੈਜੂਏਸ਼ਨ ਦੇ ਤੁਹਾਡੇ ਸਮਾਗਮਾਂ ਬਾਰੇ ਕੁੱਝ ਗੱਲਾਂ। ਸੈਕੰਡਰੀ ਸਕੂਲ ਤੋਂ ਗ੍ਰੈਜੂਏਟ ਹੋਣਾ ਜ਼ਿੰਦਗੀ ਵਿੱਚ ਇਕ ਵਾਰ ਵਾਪਰਨ ਵਾਲੀ ਘਟਨਾ ਹੈ। ਅਸੀਂ ਜਾਣਦੇ ਹਾਂ ਕਿ ਤੁਸੀਂ ਕੱਪੜੇ ਖ੍ਰੀਦੇ ਹਨ, ਤੁਸੀਂ ਪਲੈਨਾਂ ਬਣਾਈਆਂ ਹਨ ਅਤੇ ਇਸ ਜੂਨ ਵਿੱਚ ਆਉਣ ਵਾਲੀ ਆਪਣੀ ਵਾਰੀ ਨੂੰ ਉਡੀਕਿਆ ਹੈ। ਸੈਕੰਡਰੀ ਸਕੂਲ ਨੂੰ ਛੱਡ ਕੇ ਜਾਣ ਵੇਲੇ ਆਪਣੇ ਮਾਪਿਆਂ, ਦੋਸਤਾਂ, ਅਤੇ ਵੱਡੇ ਪਰਿਵਾਰ ਦੇ ਮੈਂਬਰਾਂ ਨਾਲ ਜਸ਼ਨ ਮਨਾਉਣਾ ਇਕ ਵੱਡੀ ਗੱਲ ਹੈ। ਇਹ ਅਜਿਹੀ ਚੀਜ਼ ਹੈ ਜਿਸ ਨੂੰ ਤੁਸੀਂ ਸਾਰੀ ਉਮਰ ਲਈ ਯਾਦ ਰੱਖੋਗੇ। ਕੁੱਝ ਦਿਨ ਪਹਿਲਾਂ ਸੂਬੇ ਦੀ ਸਿਹਤ ਅਫਸਰ (ਪ੍ਰੋਵਿੰਸ਼ਿਅਲ ਹੈਲਥ ਆਫੀਸਰ) ਨੇ ਦੱਸਿਆ ਕਿ ਅਸੀਂ ਘੱਟੋ ਘੱਟ ਮਈ ਦੇ ਅੱਧ ਤੱਕ ਬੰਦਸ਼ਾਂ ਖਤਮ ਨਹੀਂ ਕਰਾਂਗੇ। ਜੇ ਸੂਬਾ ਬੰਦਸ਼ਾਂ ਹਟਾ ਵੀ ਲਵੇ ਤਾਂ ਵੀ ਇਹ ਹੌਲੀ ਹੌਲੀ ਅਤੇ ਗਿਣੇ ਮਿੱਥੇ ਢੰਗ ਨਾਲ ਹਟਾਈਆਂ ਜਾਣਗੀਆਂ। ਇਸ ਦਾ ਮਤਲਬ ਹੈ ਕਿ ਅਜੇ ਵੀ ਲੋਕਾਂ ਨੂੰ ਆਪਣੇ ਲਈ ਖਾਣੇ ਦੀਆਂ ਮੁਢਲੀਆਂ ਵਸਤਾਂ ਖ੍ਰੀਦਣ ਲਈ ਘੱਟੋ ਘੱਟ ਇਕ ਮਹੀਨੇ ਲਈ ਗਰੋਸਰੀ ਸਟੋਰਾਂ ਵਿੱਚ ਲਾਈਨਾਂ ਵਿੱਚ ਲੱਗਣਾ ਪਵੇਗਾ। ਇਸ ਸੰਦਰਭ ਵਿੱਚ ਪੜ੍ਹਾਈ ਮੁਕੰਮਲ ਹੋਣ ਦੇ ਸਮਾਗਮ ਵਰਗੇ ਕਿਸੇ ਵੱਡੇ ਸਮਾਗਮ ਦੇ ਨੇੜੇ ਦੇ ਸਮੇਂ ਵਿੱਚ ਹੋ ਸਕਣ ਦੀ ਸੰਭਾਵਨਾ ਬਹੁਤ ਘੱਟ ਹੈ। ਮੈਂ ਤੁਹਾਡੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਤੁਹਾਡੀ ਨਿਰਾਸ਼ਤਾ ਮਹਿਸੂਸ ਕਰਨ ਵਿੱਚ ਤੁਹਾਡੇ ਨਾਲ ਹਾਂ। ਅਸੀਂ ਤੁਹਾਡੀ ਸਫਲਤਾ ਦਾ ਜਸ਼ਨ ਮਨਾਉਣ ਅਤੇ ਸਕੂਲ ਤੋਂ ਬਾਅਦ ਦੀ ਜ਼ਿੰਦਗੀ ਲਈ ਤੁਹਾਨੂੰ ਵਿਦਾਇਗੀ ਦੇਣ ਤੋਂ ਵੱਧ ਕੇ ਹੋਰ ਕੁੱਝ ਨਹੀਂ ਚਾਹੁੰਦੇ। ਇਸ ਲਈ ਅਸੀਂ ਅਸਲੀਅਤ ਵਿੱਚ ਕੀ ਕਰਾਂਗੇ? ਅਸੀਂ ਉਡੀਕ ਕਰਨੀ ਜਾਰੀ ਰੱਖਾਂਗੇ, ਹੋਰ ਸੰਭਵ ਪਲੈਨਾਂ ਬਾਰੇ ਗੌਰ ਕਰਾਂਗੇ, ਜਿਨ੍ਹਾਂ ਵਿੱਚ ਪੱਤਝੜ (ਫਾਲ) ਦੌਰਾਨ ਤੁਹਾਨੂੰ ਵਾਪਸ ਇਕੱਠੇ ਕਰ ਸਕਣ ਬਾਰੇ ਸੋਚਣਾ ਵੀ ਸ਼ਾਮਲ ਹੈ। ਪਰ ਅਸੀਂ ਇਹ ਵੀ ਜਾਣਦੇ ਹਾਂ ਕਿ, ਪੱਤਝੜ ਵਿੱਚ ਤੁਹਾਡੇ ਵਿੱਚੋਂ ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ ਦੇ ਦੂਜੇ ਸਫਰਾਂ ’ਤੇ ਜਾ ਚੁੱਕੇ ਹੋਵੋਗੇ। ਇਸ ਗੱਲ ਦਾ ਸਾਰ ਇਹ ਹੈ ਕਿ ਅਸੀਂ ਤੁਹਾਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਗ੍ਰੈਡ ਸਾਡੇ ਲਈ ਵੀ ਇਕ ਬਹੁਤ ਵੱਡੀ ਗੱਲ ਹੈ ਅਤੇ ਇਸ ਗੱਲ ਤੋਂ ਅਸੀਂ ਵੀ ਨਿਰਾਸ਼ ਹਾਂ ਕਿ ਤੁਹਾਡੇ ਨਾਲ ਜਸ਼ਨ ਮਨਾਉਣ ਲਈ 1000 ਤੋਂ ਵੱਧ ਲੋਕਾਂ ਨੂੰ ਇਕੱਠੇ ਕਰਨਾ ਇਸ ਸਮੇਂ ਸੰਭਵ ਨਹੀਂ ਜਾਪਦਾ। ਅਸੀਂ ਉਡੀਕ ਕਰਾਂਗੇ, ਅਸੀਂ ਨਵੀਆਂ ਪਲੈਨਾਂ ਬਣਾਵਾਂਗੇ, ਅਤੇ ਤੁਹਾਡੇ ਸਕੂਲ ਤੁਹਾਡੇ ਅਤੇ ਤੁਹਾਡੇ ਮਾਪਿਆਂ ਨਾਲ ਰਲ ਕੇ ਕੰਮ ਕਰਨਗੇ।

ਹੁਣ ਸਾਰੇ ਵਿਦਿਆਰਥੀਆਂ ਅਤੇ ਤੁਹਾਡੇ ਵੱਲੋਂ ਇਸ ਵੇਲੇ ਕੀਤੀ ਜਾ ਰਹੀ ਪੜ੍ਹਾਈ ਬਾਰੇ ਕੁੱਝ ਗੱਲਾਂ। ਤੁਹਾਡੀ ਪੜ੍ਹਾਈ ਅਤੇ ਪਾਠ (ਲੈਸਨ) ਮਹੱਤਵਪੂਰਨ ਹਨ। ਅਸੀਂ ਕਲਾਸਾਂ ਵਿੱਚ ਪੜ੍ਹਾਈ ਨਹੀਂ ਕਰ ਰਹੇ, ਇਸ ਦਾ ਮਤਲਬ ਇਹ ਨਹੀਂ ਕਿ ਜੋ ਕੁੱਝ ਤੁਸੀਂ ਕਰ ਰਹੇ ਹੋ, ਉਸ ਦਾ ਕੋਈ ਮਤਲਬ ਨਹੀਂ ਹੈ ਜਾਂ ਜੂਨ ਵੱਲ ਜਾਂਦਿਆਂ ਇਸ ਦਾ ਕਿਸੇ ਢੰਗ ਨਾਲ ਮੁੱਲਾਂਕਣ ਨਹੀਂ ਕੀਤਾ ਜਾਵੇਗਾ। ਤੁਹਾਡੇ ਟੀਚਰ ਅਤੇ ਸਕੂਲ ਇਹ ਫੈਸਲਾ ਕਰਨ ਲਈ ਸਖਤ ਕੰਮ ਕਰ ਰਹੇ ਹਨ ਕਿ ਅੱਗੇ ਵੱਲ ਜਾਂਦਿਆਂ ਆਪਣੀ ਪੜ੍ਹਾਈ ਕਰਨ ਲਈ ਤੁਹਾਡੇ ਲਈ ਕੀ ਸਿੱਖਣਾ ਜ਼ਰੂਰੀ ਹੈ। ਬੁਨਿਆਦੀ ਪੜ੍ਹਾਈ, ਜਿਹੜੀ ਤੁਸੀਂ ਇਸ ਸਮੇਂ ਕਰ ਰਹੇ ਹੋ, ਸੈਕੰਡਰੀ ਸਕੂਲ ਤੋਂ ਬਾਅਦ ਜਾਂ ਅਗਲੇ ਗ੍ਰੇਡ ਲਈ ਬਹੁਤ ਮਹੱਤਵਪੂਰਨ ਹੈ। ਸੰਭਵ ਹੈ ਕਿ ਤੁਸੀਂ ਉਹ ਸਾਰੀ ਪੜ੍ਹਾਈ ਨਹੀਂ ਕਰ ਸਕੋਗੇ ਜਿਹੜੀ ਤੁਸੀਂ ਰੈਗੂਲਰ ਸੈਸ਼ਨ ਦੌਰਾਨ ਕਰਨੀ ਸੀ, ਪਰ ਤੁਹਾਡੇ ਟੀਚਰ ਸਭ ਤੋਂ ਵੱਧ ਜ਼ਰੂਰੀ ਪੜ੍ਹਾਈ ਬਾਰੇ ਫੈਸਲਾ ਕਰ ਰਹੇ ਹਨ ਅਤੇ ਇਹ ਯਕੀਨੀ ਬਣਾਉਣ ਲਈ ਸਖਤ ਕੰਮ ਕਰ ਰਹੇ ਹਨ ਕਿ ਅਗਲੇ ਸਾਲ ਅੱਗੇ ਜਾਣ ਲਈ ਤੁਹਾਡੇ ਕੋਲ ਇਕ ਨਿੱਗਰ ਬੁਨਿਆਦ ਹੋਵੇ। ਜੂਨ ਵਿੱਚ ਰਿਪੋਰਟ ਕਾਰਡਾਂ ਬਾਰੇ, ਮਨਿਸਟਰੀ ਔਫ ਐਜੂਕੇਸ਼ਨ (ਵਿਦਿਆ ਮੰਤਰਾਲੇ) ਨੇ ਕਿਹਾ ਹੈ ਕਿ ਟੀਚਰਾਂ ਲਈ ਪੜ੍ਹਾਈ ਮੁਲਤਵੀ ਕਰਨ ਤੋਂ ਪਹਿਲਾਂ ਦਾ ਅਤੇ ਪੜ੍ਹਾਈ ਮੁਲਤਵੀ ਕਰਨ ਤੋਂ ਬਾਅਦ ਦਾ ਮੁੱਲਾਂਕਣ ਕਰਨਾ ਜ਼ਰੂਰੀ ਹੈ। ਤੁਹਾਡੀ ਸਾਰੀ ਪੜ੍ਹਾਈ ਦਾ ਮਹੱਤਵ ਹੈ।

ਮਾਪਿਓ ਅਤੇ ਵਿਦਿਆਰਥੀਓ, ਸਕੂਲ ਨਾਲ ਤੁਹਾਡਾ ਸੰਪਰਕ ਜ਼ਰੂਰੀ ਹੈ। ਟੀਚਰ ਇਹ ਜਾਣਨ ਦੇ ਮਾਹਰ ਹੁੰਦੇ ਹਨ ਕਿ ਕਲਾਸ ਵਿੱਚ ਵਿਦਿਆਰਥੀ ਕਦੋਂ ਅਤੇ ਕਿਵੇਂ ਚੱਲ ਰਹੇ ਹਨ। ਉਹ ਇਹ ਕਈ ਢੰਗਾਂ ਨਾਲ ਜਾਣਦੇ ਹਨ- ਤੁਹਾਡੇ ਨਾਲ ਗੱਲ ਕਰਕੇ, ਤੁਹਾਨੂੰ ਪੁੱਛ ਕੇ ਅਤੇ ਤੁਹਾਨੂੰ ਪਾਠਾਂ (ਲੈਸਨਾਂ) ਦਾ ਕੰਮ ਕਰਦੇ ਹੋਏ ਦੇਖ ਕੇ। ਅੱਜ ਦੇ ਸੰਦਰਭ ਵਿੱਚ, ਟੀਚਰਾਂ ਲਈ ਇਹ ਜਾਣਨਾ ਜ਼ਿਆਦਾ ਮੁਸ਼ਕਿਲ ਹੈ ਕਿ ਤੁਸੀਂ ਆਪਣੀ ਪੜ੍ਹਾਈ ਵਿੱਚ ਕਿਸ ਤਰ੍ਹਾਂ ਚੱਲ ਰਹੇ ਹੋ। ਕਿਰਪਾ ਕਰਕੇ ਸੰਪਰਕ ਵਿੱਚ ਰਹੋ, ਸਵਾਲ ਪੁੱਛੋ, ਈਮੇਲ ਕਰੋ, ਜੋ ਕੁੱਝ ਵੀ ਤੁਹਾਨੰ ਸੌਖਾ ਲੱਗਦਾ ਹੋਵੇ ਉਹ ਕਰੋ, ਪਰ ਇਹ ਯਕੀਨੀ ਬਣਾਉ ਕਿ ਜੇ ਤੁਹਾਨੂੰ ਮਦਦ ਚਾਹੀਦੀ ਹੈ ਤਾਂ ਤੁਸੀਂ ਇਸ ਬਾਰੇ ਟੀਚਰਾਂ ਨੂੰ ਦੱਸੋ।

ਇਸ ਤਰ੍ਹਾਂ ਲੱਗਦਾ ਹੈ ਕਿ ਅਸੀਂ ਆਪਣੇ ਔਖੇ ਸਫਰ ਦੇ ਸ਼ੁਰੂ ਵਿੱਚ ਹੀ ਹਾਂ। ਅਜੇ ਅੱਗੇ ਬਹੁਤ ਲੰਮਾ ਰਸਤਾ ਪਿਆ ਹੈ। ਇਕ ਵਾਰ ਫਿਰ, ਮੈਂ ਇਹ ਸੁਨੇਹਾ ਇਸ ਲਈ ਦੇਣਾ ਚਾਹੁੰਦਾ ਸੀ ਤਾਂ ਕਿ ਮਾਪੇ ਅਤੇ ਵਿਦਿਆਰਥੀ ਇਹ ਜਾਣ ਲੈਣ ਕਿ ਅਸੀਂ 2020 ਵਿੱਚ ਗ੍ਰੈਜੂਏਟ ਹੋਣ ਵਾਲੀ ਕਲਾਸ ਬਾਰੇ ਸੋਚ ਰਹੇ ਹਾਂ, ਅਤੇ ਸਾਰੇ ਵਿਦਿਆਰਥੀਓ, ਚਲਦੇ ਰਹੋ, ਤੁਹਾਡੀ ਪੜ੍ਹਾਈ ਮਹੱਤਵਪੂਰਨ ਹੈ, ਅਤੇ ਤੁਹਾਨੂੰ ਅਜੇ ਵੀ ਉਹਨਾਂ ਬੁਨਿਆਦਾਂ ਦੀ ਉਸਾਰੀ ਕਰਦੇ ਰਹਿਣ ਦੀ ਲੋੜ ਹੈ ਜਿਹੜੀਆਂ ਸਾਡਾ ਆਧਾਰ ਹਨ, ਤਾਂ ਕਿ ਤੁਸੀਂ ਆਉਣ ਵਾਲੇ ਸਮਿਆਂ ਵਿੱਚ ਕਾਮਯਾਬ ਹੋ ਸਕੋ। 2020 ਵਿੱਚ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਓ, ਸਿੱਖਣਾ ਜਾਰੀ ਰੱਖੋ, ਕੰਮ ਕਰਦੇ ਰਹੋ ਅਤੇ ਸਮਾਜਕ ਦੂਰੀ ਰੱਖਣ ਅਤੇ ਇਕੱਠੇ ਨਾ ਹੋ ਸਕਣ ਪਿੱਛੇ ਕਾਰਨ

ਇਹ ਹੈ ਕਿ ਤੁਹਾਡੇ ਮਾਪੇ, ਤੁਹਾਡੇ ਦੋਸਤ ਅਤੇ ਪਰਿਵਾਰ ਅਤੇ ਤੁਹਾਡੇ ਦਾਦਾ/ਦਾਦੀ, ਨਾਨਾ ਨਾਨੀ ਸਿਰਫ ਅੱਜ ਅਤੇ ਜੂਨ ਵਿੱਚ ਹੀ ਤੁਹਾਡੀ ਕਾਮਯਾਬੀ ਦਾ ਜਸ਼ਨ ਮਨਾਉਣ ਵੇਲੇ ਤੁਹਾਡੇ ਨਾਲ ਨਾ ਹੋਣ ਸਗੋਂ ਆਉਣ ਵਾਲੇ ਸਾਲਾਂ ਵਿੱਚ ਵੀ ਨਾਲ ਹੋਣ।

ਆਪਣਾ ਖਿਆਲ ਰੱਖੋ, ਤੰਦਰੁਸਤ ਰਹੋ,
ਜੌਰਡਨ